TORONTO

Geoff Rathbone
General Manager

Richard Butts, Deputy City Manager

Solid Waste Management Services
25th Floor, East Tower
City Hall, 100 Queen St. W.
Toronto ON  M5H 2N2

Tel: (416) 338-2010
E-mail: accesstoronto@toronto.ca

**ਨਵਾਂ ਸਿਟੀ ਬਾਇ-ਲਾਅ – ਪਲਾਸਟਿਕ ਰੀਟੇਲ ਸ਼ੌਪਿੰਗ ਬੈਗ**

ਸਿਟੀ ਆਫ ਟਰਾਂਟੋ ਦਾ ਟੀਚਾ ਹੈ ਕਿ ਉਹ 70% ਕੂੜੇ-ਕਚਰੇ ਨੂੰ ਲੈਂਡਫਿਲ ਤੋਂ ਦੂਰ ਰੱਖੇ। ਪਲਾਸਟਿਕ ਬੈਗਾਂ ਦੀ ਮਾਤਰਾ ਘਟਾਉਣ ਲਈ ਅਤੇ ਦੁਬਾਰਾ ਵਰਤਣ ਯੋਗ ਬੈਗ/ ਬਿਨ ਦੇ ਉਪਯੋਗ ਨੂੰ ਉਤਸ਼ਾਹ ਦੇਣ ਲਈ, ਸਿਟੀ ਆਫ ਟਰਾਂਟੋ ਦੇ ਰੀਟੇਲਰਾਂ ਨੂੰ ਜੂਨ 1, 2009 ਤੋਂ ਸ਼ੁਰੂ ਹੋ ਕੇ ਹੁਣ ਚੈੱਕ ਆਊਟ 'ਤੇ ਗਾਹਕ ਦੁਆਰਾ ਮੰਗੇ ਗਏ ਹਰੇਕ ਪਲਾਸਟਿਕ ਬੈਗ 'ਤੇ ਘੱਟ ਤੋਂ ਘੱਟ 5 ਸੈਂਟ ਵਸੂਲ ਕਰਨੇ ਪੈਣਗੇ। ਇਹ ਜ਼ਰੂਰਤਾਂ ਸਿਟੀ ਦੇ ਨਵੇਂ **ਮਿਊਨਿਸੀਪਲ ਕੋਡ ਚੈਪਟਰ 604, ਪੈਕੇਜਿੰਗ ਬਾਇ-ਲਾਅ** ਵਿੱਚ ਦਿੱਤੀਆਂ ਗਈਆਂ ਹਨ ਜਿੰਨ੍ਹਾਂ ਨੂੰ ਟਰਾਂਟੋ ਸਿਟੀ ਕਾਊਂਸਲ ਦੀ ਮਾਰਚ 31, 2009 ਦੀ ਮੀਟਿੰਗ ਵਿੱਚ ਮਾਨਤਾ ਮਿਲੀ ਸੀ। ਉਸ ਮਾਨਤਾ ਪ੍ਰਾਪਤ ਬਾਏ-ਲਾਅ ਨੂੰ ਸਿਟੀ ਦੀ ਵੈੱਬ-ਸਾਈਟ, http://www.toronto.ca/legdocs/bylaws/2009/law0356.pdf 'ਤੇ ਪੜ੍ਹਿਆ ਜਾ ਸਕਦਾ ਹੈ।

**ਮਹੱਤਵਪੂਰਨ: ਜੇਕਰ ਤੁਸੀਂ ਹੈੱਡ ਆਫਿਸ ਦੀ ਅਗਵਾਈ ਕਰਦੇ ਹੋ ਤਾਂ ਕ੍ਰਿਪਾ ਕਰਕੇ ਇਸ ਜਾਣਕਾਰੀ ਪੈਕੇਜ ਨੂੰ ਆਪਣੀ ਹਰੇਕ ਰੀਟੇਲ ਦੁਕਾਨ ਨੂੰ ਭੇਜੋ। ਜੇਕਰ ਤੁਸੀਂ ਰੀਟਲ ਦੇ ਧੰਦੇ ਵਿੱਚ ਨਹੀਂ ਹੋ ਤਾਂ ਕ੍ਰਿਪਾ ਕਰਕੇ ਇਸ ਜਾਣਕਾਰੀ ਨੂੰ ਨਜ਼ਰ-ਅੰਦਾਜ਼ ਕਰ ਦੇਵੋ।**

**ਟਰਾਂਟੋ ਦੇ ਰੀਟਲਰਾਂ ਨੂੰ ਇਹ ਬਾਏ ਲਾਅ ਇਸ ਤਰ੍ਹਾਂ ਪ੍ਰਭਾਵਿਤ ਕਰੇਗਾ:**
**ਜੂਨ 1, 2009 ਤੋਂ ਲਾਗੂ:**

- ਆਪਣੀ ਖਰੀਦਦਾਰੀ ਨੂੰ ਚੁੱਕ ਕੇ ਲੈ ਕੇ ਜਾਣ ਲਈ ਗਾਹਕ ਦੁਆਰਾ ਮੰਗੇ ਗਏ ਹਰੇਕ ਪਲਾਸਟਿਕ ਰੀਟੇਲ ਸ਼ੌਪਿੰਗ ਬੈਗ ਲਈ ਰੀਟੇਲਰਾਂ ਨੂੰ ਘੱਟ ਤੋਂ ਘੱਟ 5 ਸੈਂਟ ਵਸੂਲ ਕਰਨੇ ਪੈਣਗੇ, ਜਾਂ ਜੇਕਰ ਪਲਾਸਟਿਕ ਰੀਟੇਲ ਸ਼ੌਪਿੰਗ ਬੈਗ ਨਹੀਂ ਦਿੱਤੇ ਜਾਂਦੇ ਹਨ ਤਾਂ ਰੀਟੇਲਰਾਂ ਨੂੰ ਹੋਰ ਤਰੀਕੇ (ਜਿਵੇਂ ਕਿ ਪੇਪਰ ਬੈਗ, ਕਾਰਡ ਬੋਰਡ ਡੱਬੇ) ਮੁਫਤ ਪ੍ਰਦਾਨ ਕਰਨੇ ਪੈਣਗੇ।
- ਚੈੱਕ-ਆਊਟ 'ਤੇ ਸਪੱਸ਼ਟ ਸਾਈਨ ਲਗਾਉਣੇ ਪੈਣਗੇ ਤਾਂ ਕਿ ਗਾਹਕਾਂ ਨੂੰ ਪਤਾ ਚੱਲੇ ਕਿ ਸਿਟੀ ਦੀ ਮੰਗ ਅਨੁਸਾਰ ਵਿਕਰੀ ਸਥਾਨ 'ਤੇ ਗਾਹਕਾਂ ਦੁਆਰਾ ਮੰਗੇ ਗਏ ਹਰੇਕ ਪਲਾਸਟਿਕ ਰੀਟੇਲ ਸ਼ੌਪਿੰਗ ਬੈਗ ਦਾ ਮੁੱਲ ਚੁਕਾਉਣਾ ਜ਼ਰੂਰੀ ਹੈ।
- ਪਲਾਸਟਿਕ ਰੀਟੇਲ ਸ਼ੌਪਿੰਗ ਬੈਗਾਂ ਦਾ ਮੁੱਲ, ਅਤੇ ਨਾਲ ਗਾਹਕ ਦੁਆਰਾ ਵਰਤੇ ਗਏ ਬੈਗਾਂ ਦੀ ਸੰਖਿਆ, ਅਤੇ ਕੁੱਲ ਵਸੂਲ ਕੀਤਾ ਗਇਆ ਮੂਲ ਰਸੀਦ 'ਤੇ ਲਿਖਿਆ ਹੋਣਾ ਜ਼ਰੂਰੀ ਹੈ (ਜੇਕਰ ਰਸੀਦ ਦਿੱਤੀ ਜਾਂਦੀ ਹੈ ਤਾਂ)।
- ਪਲਾਸਟਿਕ ਰੀਟੇਲ ਸ਼ੌਪਿੰਗ ਬੈਗ ਦੇ ਬਦਲੇ ਗਾਹਕ ਦੁਆਰਾ ਆਪਣੀ ਖਰੀਦਦਾਰੀ ਨੂੰ ਚੁੱਕ ਕੇ ਲੈ ਕੇ ਜਾਣ ਲਈ ਲਿਆਂਦੇ ਗਏ ਕਿਸੇ ਵੀ ਤਰ੍ਹਾਂ ਦੇ ਦੁਬਾਰਾ ਉਪਯੋਗ ਕਰਨ ਲਾਇਕ ਸਾਧਨ (ਜਿਵੇਂ ਕਿ ਕੱਪੜੇ ਦੇ ਬੈਗ, ਬਿਨ, ਡੱਬੇ) ਰੀਟੇਲਰਾਂ ਨੂੰ ਸਵੀਕਾਰ ਕਰਨੇ ਪੈਣਗੇ।

ਪਲਾਸਟਿਕ ਬੈਗਾਂ ਲਈ ਵਸੂਲ ਕੀਤੀ ਗਈ ਕੀਮਤ ਨੂੰ ਰੀਟੇਲਰਜ਼ ਆਪਣੇ ਕੋਲ ਰੱਖਣ ਦੇ ਹੱਕਦਾਰ ਹਨ, ਇਹ ਪੈਸਾ ਸਿਟੀ ਆਫ ਟਰਾਂਟੋ ਨੂੰ ਨਹੀਂ ਭੇਜਣਾ ਹੈ। ਭਾਂਵੇਂ ਕਿ ਸਿਟੀ ਇਹ ਨਿਅਮਤ ਨਹੀਂ ਕਰਦੀ ਕਿ ਰੀਟੇਲਰਾਂ ਨੂੰ ਉਸ ਪੈਸੇ ਦਾ ਕੀ ਕਰਨਾ ਚਾਹੀਦਾ ਹੈ, ਉਹ ਪੈਸੇ ਨੂੰ ਸਥਾਨਕ ਵਾਤਾਵਰਨ ਜਾਂ ਕਮਿਊਨਿਟੀ ਵੱਲੋਂ ਸ਼ੁਰੂਆਤ ਕੀਤੀਆਂ ਗਈਆਂ ਗਤੀਵਿਧੀਆਂ ਵਿੱਚ ਲਗਾਉਣ ਦਾ ਸਮੱਰਥਨ ਕਰਦੀ ਹੈ।

ਪਲਾਸਟਿਕ ਰੀਟੇਲ ਸ਼ੌਪਿੰਗ ਬੈਗ 'ਤੇ ਵਸੂਲੀ ਬਾਰੇ ਸਿਟੀ ਆਫ ਟਰਾਂਟੋ ਨੇ 3 ਭਿੰਨ ਭਿੰਨ ਅਕਾਰ ਦੇ ਸਰਕਾਰੀ ਸਾਈਨ ਪ੍ਰਸਤੁਤ ਕੀਤੇ ਹਨ (ਪੋਸਟ ਕਾਰਡ – 3.5 ਇੰਚ ਚੌੜਾ ਅਤੇ 6.75 ਇੰਚ ਉੱਚਾ; ਸਟਿੱਕਰ – 4 ਇੰਚ x 5 ਇੰਚ; ਪੋਸਟਰ – 8.5 x 11 ਇੰਚ) ਜੋ ਕਿ ਰੀਟੇਲਰਾਂ ਨੂੰ ਮੁਫਤ ਉਪਲਬਧ ਹਨ। 2 ਪੋਸਟ ਕਾਰਡ ਸਾਈਨ ਤੁਹਾਡੇ ਪੈਕੇਜ ਵਿੱਚ ਸ਼ਾਮਲ ਹਨ। ਹਰੇਕ ਅਕਾਰ ਵਿੱਚ ਵਾਧੂ ਸਾਈਨ, ਸਿਟੀ ਦੇ ਹੇਠ ਲਿਖਤ ਸਥਾਨਾਂ ਤੋਂ ਉਪਲਬਧ ਹਨ ਅਤੇ ਸ਼ਾਇਦ ਤੁਹਾਡੇ ਉਦਯੋਗ ਸੰਸਥਾ ਤੋਂ ਵੀ, ਜੇਕਰ ਤੁਸੀਂ ਉਸਦੇ ਮੈਂਬਰ ਹੋ ਤਾਂ। ਇਹਨਾਂ ਸਾਈਨਾਂ ਨੂੰ ਪਰਿੰਟ ਕਰਨ ਲਾਇਕ ਗਰਾਫਿਕ ਫਾਈਲਾਂ ਸਿਟੀ ਦੀ ਵੈੱਬ-ਸਾਈਟ www.toronto.ca/5centbag 'ਤੇ ਵੀ ਉਪਲਬਧ ਹਨ ਅਤੇ ਰੀਟੇਲਰਾਂ ਦੁਆਰਾ ਜ਼ਰੂਰਤ ਅਨੁਸਾਰ ਡਾਊਨਲੋਡ ਅਤੇ ਪਰਿੰਟ ਕੀਤੀਆਂ ਜਾ ਸਕਦੀਆਂ ਹਨ।

(ਵਾਧੂ)

**ਵਾਧੂ ਸਾਈਨ ਪ੍ਰਾਪਤ ਕਰਨ ਲਈ ਸਿਟੀ ਦੇ ਸਥਾਨ (ਲੌਬੀ ਦੇ ਇਨਫਰਮੇਸ਼ਨ ਡੈਸਕ ਤੋਂ)**

- ਟਰਾਂਟੋ ਸਿਟੀ ਹਾਲ, 100 ਕਵੀਨ ਸਟ੍ਰੀਟ ਵੈਸਟ, ਮੇਨ ਫਲੋਰ, ਸੋਮਵਾਰ - ਸ਼ੁੱਕਰਵਾਰ 8:30 ਸਵੇਰੇ – 4:30 ਸ਼ਾਮ
- ਸਕਾਰਬਰੋਹ ਸਿਵਿਕ ਸੈਂਟਰ, 150 ਬੋਰੋਹ ਡਰਾਈਵ, ਮੇਨ ਫਲੋਰ, ਸੋਮਵਾਰ - ਸ਼ੁੱਕਰਵਾਰ 8:30 ਸਵੇਰੇ – 4:30 ਸ਼ਾਮ
- ਨੌਰਥ ਯੌਰਕ ਸਿਵਿਕ ਸੈਂਟਰ, 5100 ਯੰਗ ਸਟ੍ਰੀਟ, ਮੇਨ ਫਲੋਰ, ਸੋਮਵਾਰ - ਸ਼ੁੱਕਰਵਾਰ 8:30 ਸਵੇਰੇ – 4:30 ਸ਼ਾਮ
- ਈਸਟ ਯੌਰਕ ਸਿਵਿਕ ਸੈਂਟਰ, 850 ਕੌਕਸਵੈੱਲ ਐਵਿਨਿਓ, ਮੇਨ ਫਲੋਰ, ਸੋਮਵਾਰ - ਸ਼ੁੱਕਰਵਾਰ 8:30 ਸਵੇਰੇ – 4:30 ਸ਼ਾਮ
- ਇਟੋਬਿਕੋਕ ਸਿਵਿਕ ਸੈਂਟਰ, 399 ਦੀ ਵੈਸਟ ਮਾਲ, ਮੇਨ ਫਲੋਰ, ਸੋਮਵਾਰ - ਸ਼ੁੱਕਰਵਾਰ 8:30 ਸਵੇਰੇ – 4:30 ਸ਼ਾਮ

**ਇਹਨਾਂ ਸਾਈਨਾਂ ਨੂੰ ਚੈੱਕ-ਆਉਟ ’ਤੇ ਪ੍ਰਮੁੱਖ ਸਥਾਨਾਂ ’ਤੇ ਲਗਾਵੋ ਤਾਂ ਕਿ ਗਾਹਕਾਂ ਨੂੰ ਅਸਾਨੀ ਨਾਲ ਦਿਖ ਸਕਣ।**

ਜੋ ਰੀਟੇਲਰ ਆਪਣੇ ਸਾਈਨ ਵਰਤਦੇ ਹਨ, ਸਿਟੀ ਦੀ ਮੰਗ ਅਨੁਸਾਰ, ਘੱਟ ਤੋਂ ਘੱਟ ਇੱਕ ਸਾਈਨ ਸਪੱਸ਼ਟ ਰੂਪ ਨਾਲ ਸਟੋਰ ਦੇ ਅੰਦਰ ਲੱਗਿਆ ਹੋਣਾ ਚਾਹੀਦਾ ਹੈ ਜਿਸ ’ਤੇ ਬਾਏ ਲਾਅ ਦਾ ਪੂਰਾ ਨਾਂ: **ਦੀ ਸਿਟੀ ਆਫ ਟਰਾਂਟੋ ਮਿਉਨਿਸੀਪਲ ਕੋਡ ਚੈਪਟਰ 604, ਪੈਕੇਜਿੰਗ** ਲਿਖਿਆ ਹੋਣਾ ਚਾਹੀਦਾ ਹੈ।

**ਇਸ ਬਾਏ ਲਾਅ ਵਿੱਚ ਇਹ ਵੀ ਸ਼ਾਮਲ ਹੈ (ਚੈਪਟਰ 04 ਦਾ ਸੈਕਸ਼ਨ 4), ਜੂਨ 1 2010 ਤੋਂ ਲਾਗੂ:**

- ਰੀਟੇਲਰਾਂ ਨੂੰ, ਗਾਹਕਾਂ ਨੂੰ ਅਜਿਹੇ ਪਲਾਸਟਿਕ ਬੈਗ ਦੇਣ ਦੀ ਮਨਾਹੀ ਹੋਵੇਗੀ ਜੋ ਟਰਾਂਟੋ ਦੇ ਰੀਸਾਈਕਲ ਪ੍ਰੋਗਰਾਮਾਂ ਨਾਲ ਮੇਲ ਨਾ ਖਾਂਦੇ ਹੋਣ (ਜਿਵੇਂ ਕਿ ਬਾਏਓਡੀਗ੍ਰੇਡੇਬਲ ਪਲਾਸਟਿਕ ਬੈਗ, ਕੰਪੋਸਟ ਕਰਨ ਲਾਇਕ ਪਲਾਸਟਿਕ ਬੈਗ ਜਾਂ ਅਜਿਹੇ ਪਲਾਸਟਿਕ ਬੈਗ ਜਿੰਨ੍ਹਾਂ ’ਤੇ ਧਾਤੂ, ਜਾਂ ਕਟਾਈ, ਰੱਸੀ ਜਾਂ ਸਖਤ ਪਲਾਸਟਿਕ ਹੈਂਡਲ ਹੋਣ)।

ਸਿਟੀ ਦੇ ਮਿਉਨਿਸੀਪਲ ਲਾਈਸੈਂਸਿੰਗ ਐਂਡ ਸਟੈਂਡਰਡਜ਼ ਡਵਿਜ਼ਨ ਲਈ ਨਿਯੁਕਤ ਕੀਤੇ ਗਏ ਕਰਮਚਾਰੀ ਇਸ ਬਾਏ ਲਾਅ ਦੀ ਸਿਖਿਆ ਅਤੇ ਲਾਗੂ ਕਰਨ ਲਈ ਜ਼ਿਮੇਵਾਰ ਹੋਣਗੇ।

ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਕ੍ਰਿਪਾ ਕਰਕੇ ਸਿਟੀ ਦੀ ਵੈੱਬ-ਸਾਈਟ www.toronto.ca/5centbag ਦੇਖੋ। ਇਸ ਵੈੱਬ-ਸਾਈਟ ਵਿੱਚ ਪ੍ਰਸ਼ਨ-ਉੱਤਰ ਦਾ ਭਾਗ ਵੀ ਸ਼ਾਮਲ ਹੈ। ਜੇਕਰ ਫਿਰ ਵੀ ਤੁਹਾਡੇ ਸਵਾਲ ਬੱਚਦੇ ਹਨ, ਤਾਂ 416-338-2010 ’ਤੇ ਫੋਨ ਕਰੋ ਜਾਂ accesstoronto@toronto.ca ’ਤੇ ਈਮੇਲ ਕਰੋ।

ਟਰਾਂਟੋ ਦੁਆਰਾ ਵਪਾਰੀਆਂ ਦੀ ਸਹਾਇਤਾ ਲਈ ਉਠਾਏ ਗਏ ਉਹਨਾਂ ਭਿੰਨ ਤਰੀਕਿਆਂ ਨਾਲ ਜਾਣੂ ਹੋਣ ਲਈ ਵੀ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਜੋ ਨਾਲ ਲੱਗੇ ਬਰੋਸ਼ਰ- *ਟਰਾਂਟੋ ਹੈਲਪਸ ਬਿਜ਼ਨੈੱਸ (ਟਰਾਂਟੋ ਵਪਾਰ ਦੀ ਸਹਾਇਤਾ ਕਰਦਾ ਹੈ)* ਵਿੱਚ ਦਿਖਾਏ ਗਏ ਹਨ।

ਤੁਹਾਡਾ,

Geoff Rathbone
General Manager
Solid Waste Management Services

Michael Williams
General Manager
Economic Development, Culture & Tourism

ਨਾਲ ਲੱਗਿਆ (ਦੋ ਪੋਸਟ ਕਾਰਡ ਸਾਈਨ ਅਤੇ ਬਰੋਸ਼ਰ)

**ਟਰਾਂਟੋ ਦੇ ਨਵੇਂ ਪਲਾਸਟਿਕ ਸ਼ੌਪਿੰਗ ਬੈਗ ਬਾਏ-ਲਾਅ ਬਾਰੇ ਕੋਈ ਸਵਾਲ?**

**ਫੋਨ ਕਰੋ 416-338-2010** www.toronto.ca/5centbag